# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਚੰਡੀਗੜ੍ਹ

ਸੇਵਾ ਵਿਖੇ, **Through Website**

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋ ਨੰ : 1/8-2000 ਫੰਡ 5(10)/1086
ਮਿਤੀ, ਚੰਡੀਗੜ੍ਹ : 28/8/17

**ਵਿਸ਼ਾ:- ਸਿੱਖਿਆ ਵਿਭਾਗ ਦੇ ਖੇਤਰੀ ਪੱਧਰ ਦੇ ਜੀ.ਪੀ.ਐਫ. ਵਿੱਚੋਂ ਮੋੜਣਯੋਗ ਅਤੇ ਨਾ ਮੋੜਣਯੋਗ ਅਡਵਾਂਸ ਨੂੰ ਮੰਜੂਰ ਕਰਨ ਦੀਆਂ ਪਾਵਰਾਂ ਜਿਲ੍ਹਾ ਸਿੱਖਿਆ ਅਫਸਰ/ਡਰਾਇੰਗ ਅਤੇ ਡਿਸਬਰਸਿੰਗ ਅਫਸਰ ਨੂੰ ਦੇਣ ਸਬੰਧੀ।**

ਡਾਇਰੈਕਟਰ ਸਿੱਖਿਆ ਵਿਭਾਗ ( ਸੈ.ਸਿ.) ਦੇ ਪੱਤਰ ਨੰ.1/8 fund - 5(10)/2010 ਮਿਤੀ 11/11/2010 ਰਾਂਹੀ ਸਿੱਖਿਆ ਵਿਭਾਗ ਦੇ ਖੇਤਰੀ ਪੱਧਰ ਦੇ ਜੀ.ਪੀ.ਐਫ. ਵਿੱਚੋਂ ਮੋੜਣਯੋਗ ਅਤੇ ਨਾ ਮੋੜਣਯੋਗ ਅਡਵਾਂਸ ਨੂੰ ਮੰਜੂਰ ਕਰਨ ਦੀਆਂ ਪਾਵਰਾਂ ਸਮੂਹ ਜਿਲ੍ਹਾ ਸਿੱਖਿਆ ਅਫਸਰ ਨੂੰ ਦਿੱਤੀਆ ਗਈਆ ਸਨ, ਜਿਸ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

(1) **Drawing and Disbursing Officer** shall have powers to sanction **refundable advances** subject to the condition laid down in rule **13.14 of Punjab CSR Vol. II** provided the amount does not exceed **half of the amount** at the credit of the subscriber in the fund.

(2) (i) **District Education Officer (E.E.)/(S.E.)** shall have full powers to sanction refundable advances subject to condition laid down in the rule **13.14 of Punjab CSR Vol.II** provided the amount of advance **does not exceed two third of the amount** at the credit of the subscriber in fund.

(ii) **District Education Officer (E.E.)/(S.E.)** shall have **full powers** to sanction **non-refundable advance** subject to the conditions laid

down in relevant rules in **chapter 13 of Punjab CSR Vol. II**, provided that the amount of advance **dose not exceed 75% of the** amount at the credit of the subscriber in the Fund. **District Education Officer (E.E.)/(S.E.)** shall also have the **full powers** to sanction the **final payment and 90% final withdrawal before retirement on supersnnuation**, strictly in acoordance with the relevant rules and instructions.

ਇਹ ਪਾਵਰਾਂ ਹੇਠ ਲਿਖੀਆ ਸ਼ਰਤਾਂ ਤੇ ਦਿੱਤੀਆ ਜਾਂਦੀਆ ਹਨ:-

1. ਜਿਲ੍ਹਾ ਸਿੱਖਿਆ ਅਫਸਰ/ਡਰਾਇੰਗ ਅਤੇ ਡਿਸਬਰਸਿੰਗ ਅਫਸਰ ਵੱਲੋਂ ਮੋੜਣਯੋਗ ਅਤੇ ਨਾ-ਮੋੜਣਯੋਗ ਅਡਵਾਂਸ ਮੰਜ਼ੂਰ ਕਰਦੇ ਸਮੇਂ ਵਿੱਤ ਵਿਭਾਗ ਵੱਲੋਂ ਸਮੇਂ ਸਮੇਂ ਜੀ.ਪੀ.ਐਫ. ਸਬੰਧੀ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।
2. ਜੀ.ਪੀ.ਐਫ. ਅਡਵਾਂਸ ਦੀ ਅਦਾਇਗੀ ਕਰਮਚਾਰੀ ਦੇ ਤਨਖਾਹ ਵਾਲੇ ਖਾਤੇ ਵਿੱਚ ਹੀ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਹੋਰ ਕਿਸੇ ਵੀ ਖਾਤੇ ਵਿੱਚ ਇਹ ਰਾਸ਼ੀ ਟ੍ਰਾਂਸਫਰ ਕਰਨੀ ਪੂਰਨ ਰੂਪ ਵਿੱਚ ਵਰਜਿਤ ਹੈ।
3. ਆਪਣੇ ਅਧੀਨ ਅਧਿਕਾਰੀਆ/ਕਰਮਚਾਰੀਆ ਨੂੰ ਅਡਵਾਂਸ ਮੰਜ਼ੂਰ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸਬੰਧਤ ਕਰਮਚਾਰੀ/ਅਧਿਕਾਰੀ ਦਾ ਪਿਛਲੇ ਸਾਲ ਦਾ ਤਮਾਮ ਬਕਾਇਆ ਲੈਜਰ ਵਿੱਚ ਪੂਰੀ ਤਰ੍ਹਾਂ ਤਸਦੀਕਿਆ ਗਿਆ ਹੋਵੇ ਅਤੇ ਵਿੱਤੀ ਸਾਲ ਦੇ ਅੰਤ ਤੇ ਅਧਿਕਾਰੀ/ਕਰਮਚਾਰੀ ਦੇ ਹੱਕ ਵਿੱਚ ਜੀ.ਪੀ.ਐਫ. ਸਾਰਣੀ ਜਾਰੀ ਕੀਤੀ ਹੋਵੇ।
4. ਜਿਲ੍ਹਾ ਸਿੱਖਿਆ ਅਫਸਰ/ਡਰਾਇੰਗ ਅਤੇ ਡਿਸਬਰਸਿੰਗ ਅਫਸਰ ਹਰ ਮਹੀਨੇ ਆਪਣੇ ਖਜਾਨਾ ਅਫਸਰ ਤੋਂ ਜੀ.ਪੀ.ਐਫ. ਅਡਵਾਂਸ ਦੇ withdrawal ਸਬੰਧੀ ਸਟੇਟਮੈਂਟ ਵੈਰੀਫਾਈ ਕਰਵਾਉਣਗੇ ਅਤੇ ਜਿਲ੍ਹਾ ਸਿੱਖਿਆ ਅਫਸਰ/ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਵੱਲ ਇਹ ਵੀ ਤਸਦੀਕ ਕੀਤਾ ਜਾਵੇਗਾ ਕਿ ਇਹ ਰਕਮ ਸਬੰਧਤ ਕਰਮਚਾਰੀ ਦੇ ਤਨਖਾਹ ਖਾਤੇ ਵਿੱਚ ਜਮ੍ਹਾ ਹੋ ਚੁੱਕੀ ਹੈ ਅਤੇ ਇਸ ਰਕਮ ਦਾ ਇੰਦਰਾਜ ਸਬੰਧਤ ਕਰਮਚਾਰੀ ਦੇ ਜੀ.ਪੀ.ਐਫ. ਖਾਤੇ ਵਿੱਚ debit ਕੀਤਾ ਜਾ ਚੁੱਕਾ ਹੈ।
5. ਹਰ ਸਾਲ ਸਮੇਂ ਸਮੇਂ ਤੇ ਜਿਲ੍ਹਾ ਸਿੱਖਿਆ ਦਫਤਰ ਦੀ ਜੀ.ਪੀ.ਐਫ. ਸ਼ਾਖਾ ਵੱਲੋਂ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਵੱਲੋਂ ਮੰਜ਼ੂਰ ਕੀਤੇ ਗਏ refundable ਜੀ.ਪੀ.ਐਫ. ਅਡਵਾਂਸ ਦਾ 100% ਆਡਿਟ ਕੀਤਾ ਜਾਵੇਗਾ।ਜਿਸ ਦੀ ਰਿਪੋਰਟ ਡੀ.ਪੀ.ਆਈ.(ਐ.ਸਿ.)/(ਸੈ.ਸਿ.) ਨੂੰ ਭੇਜੀ ਜਾਵੇਗੀ।ਇਸ ਰਿਪੋਰਟ ਨਾਲ ਹਰ ਇੱਕ

ਡਰਾਇੰਗ ਅਤੇ ਡਿਸਬਰਸਿੰਗ ਅਫਸਰ ਵੱਲੋਂ ਸਾਲ ਵਿੱਚ ਮੰਜੂਰ/ਡਰਾਅ ਕੀਤੇ ਗਏ refundable ਅਡਵਾਂਸ ਦੀ consolidated ਸੂਚੀ ਵੀ ਭੇਜੀ ਜਾਵੇਗੀ।

6. ਡੀ.ਪੀ.ਆਈ.(ਐ.ਸਿ.)/(ਸੈ.ਸਿ.) ਦਫਤਰ ਦੇ ਜੀ.ਪੀ.ਐਫ. ਆਡਿਟ ਸੈੱਲ ਵੱਲੋਂ ਜਿਲ੍ਹਾ ਸਿੱਖਿਆ ਅਫਸਰ/ਡਰਾਇੰਗ ਅਤੇ ਡਿਸਬਰਸਿੰਗ ਅਫਸਰ ਵੱਲੋਂ ਮੰਜੂਰ ਕੀਤੇ ਗਏ ਜੀ.ਪੀ.ਐਫ. ਦੇ refundable/non-refundable ਅਡਵਾਂਸ ਦਾ ਸਮੇਂ ਸਮੇਂ ਟੈਸਟ ਆਡਿਟ ਕੀਤਾ ਜਾਵੇਗਾ।

7. ਜਿਲ੍ਹਾ ਸਿੱਖਿਆ ਅਫਸਰ/ਡਰਾਇੰਗ ਅਤੇ ਡਿਸਬਰਸਿੰਗ ਅਫਸਰ ਇਹ ਵੀ ਯਕੀਨੀ ਬਣਾਉਣਗੇ ਕਿ ਜਦੋਂ ਵੀ ਏ.ਜੀ. ਪੰਜਾਬ ਚੰਡੀਗੜ੍ਹ ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ ਦੀ ਅੰਦਰੂਨੀ ਪੜਤਾਲ ਸੰਸਥਾ ਵੱਲੋਂ ਉਨ੍ਹਾਂ ਦੇ ਜੀ.ਪੀ.ਐਫ. ਲੇਖਿਆ ਦਾ ਆਡਿਟ ਕੀਤਾ ਜਾਂਦਾ ਹੈ ਤਾਂ ਪਹਿਲੇ ਆਡਿਟ ਤੋਂ ਇਸ ਆਡਿਟ ਤੱਕ ਜਿਨ੍ਹੇ ਵੀ refundable/non-refundable ਅਡਵਾਂਸ ਮੰਜੂਰ ਕੀਤੇ ਗਏ ਹਨ,ਉਨ੍ਹਾ ਦਾ 100% ਆਡਿਟ ਕਰਵਾਇਆ ਜਾਵੇ।

8. ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)**
**ਪੰਜਾਬ।**